**State Council of Educational Research & Training, Punjab**
**Block-E, 6th Floor, Punjab School Education Board Complex**
**Phase 8, Sector 62, Mohali,160062 Punjab**
**Phone:** 0172-2212221, **Fax:** 0172-2212793,**Website:***www.scertpunjab.ac.in*

**ਵੱਲ**

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ
ਪੰਜਾਬ।

**ਮੀਮੋ ਨੰ: SCERT/SSA/2020/** ੨੩੫੩੩੨- ੨੩੫੩੭੧
**ਮਿਤੀ:** 23.09.2020

**ਵਿਸ਼ਾ:- ਰਾਸ਼ਟਰੀ ਯੂਥ ਪਾਰਲੀਮੈਂਟ ਪ੍ਰੋਗਰਾਮ ਦੇ ਮੱਦੇਨਜ਼ਰ ਸਿਲੇਬਸ ਨਾਲ ਸਬੰਧਤ ਗਤੀਵਧੀਆਂ ਕਰਵਾਉਣ ਸਬੰਧੀ**

**1.0** ਉਪਰੋਕਤ ਵਿਸ਼ੇ ਸਬੰਧੀ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

**2.0** ਸੰਸਦੀ ਮਾਮਲਿਆਂ ਬਾਰੇ ਵਿਭਾਗ, ਭਾਰਤ ਸਰਕਾਰ ਵੱਲੋਂ ਨੌਵੀਂ ਤੋਂ ਬਾਰ੍ਹਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਅੰਦਰ ਲੋਕਤੰਤਰੀ ਕਦਰਾਂ -ਕੀਮਤਾਂ ਪ੍ਰਤੀ ਲਗਨ ਅਤੇ ਭਾਵਨਾ ਪੈਦਾ ਕਰਨ ਦੇ ਮੰਤਵ ਨਾਲ 'ਰਾਸ਼ਟਰੀ ਯੂਥ ਪਾਰਲੀਮੈਂਟ ਪ੍ਰੋਗਰਾਮ' ਕਰਵਾਇਆ ਜਾਂਦਾ ਹੈ। ਜਿਸ ਸਬੰਧ ਵਿੱਚ ਸਕੂਲ ਦੀ ਰਜਿਸਟ੍ਰੇਸ਼ਨ ਲਈ ਵੱਖਰਾ ਪੱਤਰ ਜਾਰੀ ਕੀਤਾ ਜਾਵੇਗਾ।

**3.0** ਇਸ ਸੰਦਰਭ ਵਿੱਚ ਨੌਵੀਂ ਅਤੇ ਦੱਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਨਾਗਰਿਕ ਸ਼ਾਸਤਰ ਅਤੇ ਅਰਥ ਸ਼ਾਸਤਰ ਵਿਸ਼ੇ ਦੇ ਸਿਲੇਬਸ ਵਿੱਚੋਂ, ਜਦੋਂ ਕਿ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਰਾਜਨੀਤੀ ਸ਼ਾਸਤਰ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਸਿਲੇਬਸ ਵਿੱਚੋਂ ਕੁੱਝ ਉਪ ਵਿਸ਼ੇ ਅਤੇ ਉਸ ਨਾਲ ਸਬੰਧਿਤ ਗਤੀਵਿਧੀਆਂ /ਚਰਚਾ ਲਈ ਉਪ-ਵਿਸ਼ੇ ਇਸ ਪੱਤਰ ਨਾਲ ਅੰਕਿਤ ਕਰਕੇ ਭੇਜੇ ਜਾ ਰਹੇ ਹਨ।

**4.0** ਸਬੰਧਤ ਸ਼੍ਰੇਣੀਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਸਿਲੇਬਸ ਨਾਲ ਸਬੰਧਿਤ ਅੰਕਿਤ ਕੀਤੇ ਗਏ ਇਹ ਉਪ-ਵਿਸ਼ੇ ਅਤੇ ਇੰਨਾਂ ਨਾਲ ਸਬੰਧਿਤ ਗਤੀਵਿਧੀਆਂ ਅਤੇ ਚਰਚਾ ਪਹਿਲ ਦੇ ਅਧਾਰ ਤੇ ਕਰਵਾਏ ਜਾਣ ਦਾ ਸੁਝਾਅ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਨਾ ਕੇਵਲ ਅਕਾਦਮਿਕ ਲਾਭ ਪ੍ਰਾਪਤ ਹੋਵੇਗਾ ਸਗੋਂ ਆਉਣ ਵਾਲੇ ਸਮੇਂ ਵਿੱਚ ਸਕੂਲ ਮੁੱਖੀ ਆਪਣੇ ਸਕੂਲ ਨੂੰ ਰਾਸ਼ਟਰੀ ਯੂਥ ਪਾਰਲੀਮੈਂਟ ਪ੍ਰੋਗਰਾਮ ਲਈ ਰਜਿਸਟਰ ਕਰਕੇ ਇਸ ਅਧੀਨ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ/ਚਰਚਾ ਲਈ ਪਹਿਲਾਂ ਤੋਂ ਹੀ ਤਿਆਰ ਹੋਣਗੇ।

**5.0** ਸਬੰਧਿਤ ਜਮਾਤਾਂ ਦੇ ਸਿਲੇਬਸ ਵਿੱਚ ਅੰਕਿਤ ਕੀਤੇ ਸਾਰੇ ਉਪਵਿਸ਼ੇ , ਗਤੀਵਿਧੀਆਂ /ਚਰਚਾ ਸਬੰਧੀ ਮੁੱਦੇ ਹੇਠ ਲਿਖੇ ਅਨੁਸਾਰ ਹਨ :-

**ਰਾਸ਼ਟਰੀ ਯੂਥ ਪਾਰਲੀਮੈਂਟ ਪ੍ਰੋਗਰਾਮ ਅਧੀਨ ਕਰਵਾਈਆਂ ਜਾ ਸਕਨ ਵਾਲੀਆਂ ਐਕਟੀਵਿਟੀਜ਼**

| ਲੜੀ ਨੰ | ਕਲਾਸ | ਪਾਠ | ਉੱਪ ਵਿਸ਼ਾ | ਐਕਟੀਵਿਟੀ |
|---|---|---|---|---|
| 1 | 9ਵੀਂ | 12- ਭਾਰਤ ਦਾ ਸੰਸਦੀ ਲੋਕਤੰਤਰ | ਭਾਰਤੀ ਸੰਸਦ ਦੇ ਦੋਨੋ ਸਦਨ: ਲੋਕ ਸਭਾ ਅਤੇ ਰਾਜ ਸਭਾ ਦਾ ਸੰਗਠਨ | • ਲੋਕ ਸਭਾ ਦੇ ਸਪੀਕਰ, ਡਿਪਟੀ ਸਪੀਕਰ ਦੀ ਚੋਣ।<br>• ਰਾਜ ਸਭਾ ਦੇ ਸਭਾਪਤੀ ਦੀ ਚੋਣ।<br>• ਪ੍ਰਧਾਨ ਮੰਤਰੀ ਦੀ ਸੰਸਦ ਵਿੱਚ ਸਥਿਤੀ<br>• ਰਾਸ਼ਟਰਪਤੀ- ਪ੍ਰਧਾਨਮੰਤਰੀ ਸਬੰਧ<br>• ਮੰਤਰੀ ਮੰਡਲ ਦੀ ਚੋਣ ਅਤੇ ਸੰਸਦ ਵਿੱਚ ਸਥਿਤੀ<br>• ਬਹੁਮਤ ਦਾ ਸੰਕਲਪ |
| 2 | | 13-ਲੋਕਤੰਤਰ ਅਤੇ ਚੋਣ ਰਾਜਨੀਤੀ | ਚੋਣ ਪ੍ਰਕਿਰਿਆ | • ਲੋਕ ਸਭਾ ਦੇ ਮੈਂਬਰਾਂ ਦੀ ਚੋਣ ਪ੍ਰਕਿਰਿਆ<br>• ਸੰਸਦ ਅਤੇ ਚੋਣਾਂ ਸਬੰਧੀ<br>• ਰਾਜ ਸਭਾ ਦੇ ਮੈਂਬਰਾਂ ਦੀ ਚੋਣ ਸਬੰਧੀ<br>• ਲੋਕ ਸਭਾ ਦੇ ਮੈਂਬਰਾਂ ਦੀ ਚੋਣ ਸਬੰਧੀ<br>• ਰਾਸ਼ਟਰੀ ਦਲ/ਖੇਤਰੀ ਦਲ ਦੇ ਸੰਕਲਪ ਰਾਹੀਂ ਭਾਰਤੀ ਚੋਣ ਪ੍ਰਕਿਰਿਆ ਸਬੰਧੀ ਐਕਟੀਵਿਟੀ |

**ਮੌਕ ਪਾਰਲੀਮੈਂਟ ਵਿੱਚ ਸੱਤਾ ਧਿਰ ਅਤੇ ਵਿਰੋਧੀ ਧਿਰ ਬਣਾਕੇ ਅਰਥ ਸ਼ਾਸਤਰ ਨਾਲ ਸਬੰਧਤ ਹੇਠ ਲਿਖੀਆਂ ਗਤੀਵਿਧੀਆਂ/ਚਰਚਾ ਕਰਵਾਈ ਜਾ ਸਕਦੀ ਹੈ।**

| ਲੜੀ ਨੰ | ਕਲਾਸ | ਪਾਠ | ਉੱਪ ਵਿਸ਼ਾ | ਐਕਟੀਵਿਟੀ |
|---|---|---|---|---|
| 1 | 9ਵੀਂ | 2- ਮਨੁੱਖੀ ਸੰਸਾਧਨ | ਭਾਰਤੀ ਵਸੋਂ/ ਜਨਸੰਖਿਆ | • ਭਾਰਤੀ ਜਨਸੰਖਿਆ ਉਸਾਰੂ /ਚੰਗਾ ਪੱਖ<br>• ਇਸ ਦੇ ਮਾੜੇ ਪ੍ਰਭਾਵ<br>• ਜੰਨਸੰਖਿਆ ਅਤੇ ਬੇਰੁਜ਼ਗਾਰੀ ਦਾ ਸਬੰਧ |

| | | | | |
|---|---|---|---|---|
| 2 | | 3- ਗਰੀਬੀ | ਗਰੀਬੀ | • ਗਰੀਬੀ ਦੇ ਮਾਪਦੰਡ- ਸਾਪੇਖ ਅਤੇ ਨਿਰਪੇਖ ਗਰੀਬੀ<br>• ਪੇਂਡੂ ਗਰੀਬੀ, ਸ਼ਹਿਰੀ ਗਰੀਬੀ, ਭਾਰਤ ਵਿੱਚ ਗਰੀਬੀ ਦੇ ਕਾਰਨ<br>• ਗਰੀਬੀ ਨੂੰ ਦੂਰ ਕਰਨ ਦੇ ਉਪਾਅ |
| 3 | | 4- ਭਾਰਤ ਵਿੱਚ ਅੰਨ ਸੁਰੱਖਿਆ | ਭਾਰਤ ਵਿੱਚ ਅੰਨ ਸੁਰੱਖਿਆ | • ਭਾਰਤ ਵਿੱਚ ਅੰਨਸੁਰੱਖਿਆ ਦਾ ਇਤਿਹਾਸ,<br>• ਅੰਨ ਸਰੁੱਖਿਆ ਸਬੰਧੀ ਵੱਖ ਵੱਖ ਸਰਕਾਰੀ ਯੋਜਨਾਵਾਂ ਦਾ ਮਹੱਤਵ ਅਤੇ ਪ੍ਰਭਾਵ |

| ਲੜੀ ਨੰ | ਕਲਾਸ | ਪਾਠ | ਉੱਪ ਵਿਸ਼ਾ | ਐਕਟੀਵਿਟੀ |
|---|---|---|---|---|
| 1 | 10ਵੀਂ | 11- ਕੇਂਦਰੀ ਸਰਕਾਰ | ਸੰਸਦ | • ਲੋਕ ਸਭਾ ਦੇ ਮੈਂਬਰਾਂ ਦੀ ਚੋਣ<br>• ਰਾਜ ਸਭਾ ਦੇ ਮੈਂਬਰਾਂ ਦੀ ਚੋਣ<br>• ਲੋਕ ਸਭਾ ਦੇ ਸਪੀਕਰ ਦੀ ਚੋਣ<br>• ਰਾਜ ਸਭਾ ਦੇ ਸਭਾਪਤੀ ਦੀ ਚੋਣ |
| | | | ਵਿਧਾਨਕ ਵਿਧੀ/ ਮੰਤਰੀ ਪ੍ਰੀਸ਼ਦ | • ਸਾਧਾਰਨ ਬਿਲ ਪਾਸ ਕਰਨ ਦੀ ਵਿਧੀ<br>• ਵਿੱਤ ਬਿੱਲ ਪਾਸ ਕਰਨ ਦੀ ਵਿਧੀ<br>• ਰਾਸ਼ਟਰਪਤੀ ਅਤੇ ਸੰਸਦ ਦੇ ਸਬੰਧ<br>• ਸੰਗਠਨ ਅਤੇ ਜਵਾਬਦੇਹੀ ਬਾਰੇ |
| 3 | | 13- ਭਾਰਤੀ ਲੋਕਤੰਤਰ ਦਾ ਸਰੂਪ | ਭਾਰਤੀ ਚੋਣ ਵਿਧੀ ਅਤੇ ਪ੍ਰਕ੍ਰਿਆ | • ਭਾਰਤ ਵਿੱਚ ਚੋਣ ਪ੍ਰਕਿਰਿਆ ਦੇ ਵੱਖ ਵੱਖ ਪੜਾਵਾਂ ਸਬੰਧੀ<br>• ਭਾਰਤੀ ਲੋਕਤੰਤਰ ਅੰਦਰ ਰਾਜਨੀਤਿਕ ਦਲਾਂ ਦੀ ਭੂਮਿਕਾ<br>• ਬਹੁਮੱਤ<br>• ਸੱਤਾਧਾਰੀ ਦਲ ਅਤੇ ਵਿਰੋਧੀ ਦਲ ਦੀ ਭੂਮਿਕਾ<br>• ਗੱਠਜੋੜ ਸਰਕਾਰ ਦਾ ਸੰਕਲਨ ਸਬੰਧੀ ਗਤੀਵਿਧੀ |

**ਮੌਕ ਪਾਰਲੀਮੈਂਟ ਵਿੱਚ ਸੱਤਾ ਧਿਰ ਅਤੇ ਵਿਰੋਧੀ ਧਿਰ ਬਣਾਕੇ ਅਰਥ ਸ਼ਾਸਤਰ ਨਾਲ ਸਬੰਧਤ ਹੇਠ ਲਿਖੀਆਂ ਗਤੀਵਿਧੀਆਂ/ਚਰਚਾ ਕਰਵਾਈ ਜਾ ਸਕਦੀ ਹੈ।**

| ਲੜੀ ਨੰ | ਕਲਾਸ | ਪਾਠ | ਉੱਪ ਵਿਸ਼ਾ | ਐਕਟੀਵਿਟੀ |
|---|---|---|---|---|
| 1 | 10ਵੀਂ | ਭਾਰਤੀ ਅਰਥ ਵਿਵਸਥਾ ਦੀ ਅਧਾਰਿਕ ਸਰੰਚਨਾ | ਭਾਰਤ ਦਾ ਬੁਨਿਆਦੀ ਢਾਂਚਾ | • ਸੰਗਠਨ<br>• ਮਹੱਤਵ ਅਤੇ ਮੁੱਖ ਆਧਾਰ<br>• ਉਪਭੋਗਤਾ ਸੁਰੱਖਿਆ ਸਬੰਧੀ ਵੱਖ ਵੱਖ ਉਪਾਅ<br>• ਸਰਵਜਨਕ ਵਿਤਰਨ ਪ੍ਰਣਾਲੀ ਦਾ ਇਤਿਹਾਸ<br>• ਇਸਦੇ ਗੁਣ ਅਤੇ ਦੋਸ਼ |
| 2 | | ਭਾਰਤੀ ਖੇਤੀਬਾੜੀ | ਭਾਰਤੀ ਖੇਤੀਬਾੜੀ ਦੀਆਂ ਸਮੱਸਿਆਵਾਂ ਅਤੇ ਸੁਝਾਅ | • ਖੇਤੀਬਾੜੀ ਦਾ ਮਹੱਤਵ<br>• ਸਮੱਸਿਆਵਾਂ ਅਤੇ ਸੰਭਾਵਿਤ ਹੱਲ<br>• ਸਰਕਾਰ ਦਾ ਯੋਗਦਾਨ |
| 3 | | ਭਾਰਤੀ ਵਿੱਚ ਉਦਯੋਗਿਕ ਵਿਕਾਸ | ਭਾਰਤ ਦਾ ਉਦਯੋਗਿਕ ਵਿਕਾਸ | • ਭਾਰਤ ਦੇ ਉਦਯੋਗਿਕ ਵਿਕਾਸ ਦੇ ਮਹੱਤਵ<br>• ਇਤਿਹਾਸ<br>• ਗੁਣ ਅਤੇ ਦੋਸ਼ਾਂ ਬਾਰੇ ਚਰਚਾ ਕਰਨੀ। |

| ਲੜੀ ਨੰ | ਕਲਾਸ | ਪਾਠ | ਉੱਪ ਵਿਸ਼ਾ | ਐਕਟੀਵਿਟੀ |
|---|---|---|---|---|
| 1 | 10+1 | ਸੰਘੀ ਸੰਸਦ | ਲੋਕ ਸਭਾ ਅਤੇ ਰਾਜ ਸਭਾ | • **ਲੋਕ ਸਭਾ**: ਵਿਦਿਆਰਥੀਆਂ ਨੂੰ ਦੋ ਗਰੁੱਪਾਂ ਵਿੱਚ ਵੰਡ ਕੇ ਇੱਕ ਸੱਤਾ ਧਿਰ ਅਤੇ ਦੂਜੀ ਵਿਰੋਧੀ ਧਿਰ ਵਿੱਚ ਵੰਡ ਕੇ ਵਿਦਿਆਰਥੀਆਂ ਵਿੱਚੋਂ ਇੱਕ ਨੂੰ ਸਪੀਕਰ ਨਿਯੁਕਤ ਕਰਕੇ ਲੋਕ ਸਭ ਦੀ ਕਾਰਵਾਈ ਸੰਬੰਧੀ ਐਕਟੀਵਿਟੀ (Mock Parliament) ਕਰਵਾਈ ਜਾਵੇਗੀ।<br>• **ਰਾਜ ਸਭਾ**: ਵਿਦਿਆਰਥੀਆਂ ਨੂੰ ਦੋ ਗਰੁੱਪਾਂ ਵਿੱਚ ਵੰਡ ਕੇ ਇੱਕ ਸੱਤਾ ਧਿਰ ਅਤੇ ਦੂਜੀ ਵਿਰੋਧੀ ਧਿਰ ਵਿੱਚ ਵੰਡ ਕੇ ਵਿਦਿਆਰਥੀਆਂ ਵਿੱਚੋਂ ਇੱਕ ਨੂੰ ਚੇਅਰਮੈਨ ਨਿਯੁਕਤ ਕਰਕੇ **ਰਾਜ** ਸਭ ਦੀ ਕਾਰਵਾਈ ਸੰਬੰਧੀ ਐਕਟੀਵਿਟੀ (Mock Parliament) ਕਰਵਾਈ ਜਾਵੇਗੀ। ਸਧਾਰਨ ਬਿੱਲ ਪਾਸ ਕਰਨ ਦੀ ਵਿਧੀ<br>• **ਸਧਾਰਨ ਬਿੱਲ ਪਾਸ ਕਰਨ ਦੀ ਵਿਧੀ**: ਬਿੱਲ ਦੀਆਂ ਵੱਖ-ਵੱਖ ਸਟੇਜਾਂ (Mock) ਵਿਧੀ ਰਾਹੀਂ ਬਿੱਲ ਪਾਸ ਕਰਨ ਦੀ ਵਿਧੀ ਐਕਟੀਵਿਟੀ ਰਾਹੀਂ ਕਰਵਾਈ ਜਾਵੇਗੀ।<br>• **ਬਜਟ ਪਾਸ ਕਰਨ ਦੀ ਵਿਧੀ**: ਬਜਟ ਪਾਸ ਕਰਨ ਸਟੇਜਾਂ (Mock) ਵਿਧੀ ਰਾਹੀਂ ਬਜਟ ਪਾਸ ਕਰਨ ਦੀ ਵਿਧੀ ਐਕਟੀਵਿਟੀ ਰਾਹੀਂ ਕਰਵਾਈ ਜਾਵੇਗੀ। |

| | | | | |
|---|---|---|---|---|
| 2 | 10+2 | ਸੰਸਦੀ ਮਾਡਲ/ ਨਮੂਨਾ | ਸੰਸਦੀ ਸ਼ਾਸਨ ਪ੍ਰਣਾਲੀ | • ਅਧਿਆਪਕ ਦੀ ਅਗਵਾਈ ਅਧੀਨ ਵਿਦਿਆਰਥੀ ਸੰਸਦੀ ਸ਼ਾਸਨ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ।<br>• ਅਧਿਆਪਕ ਦੀ ਅਗਵਾਈ ਅਧੀਨ ਵਿਦਿਆਰਥੀ ਸੰਸਦ ਦਾ ਮਾਡਲ ਤਿਆਰ ਕਰਵਾਇਆ ਜਾ ਸਕਦਾ ਹੈ।<br>• ਸੰਸਦ ਦਾ ਸੰਗਠਨ, ਕਾਰਜਪ੍ਰਣਾਲੀ ਬਾਰੇ Mock Parliament ਰਾਹੀਂ ਲੋਕ ਸਭਾ, ਰਾਜ ਸਭਾ ਦੇ ਸੰਗਠਨ ਅਤੇ ਕਾਰਜਪ੍ਰਣਾਲੀ, ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਚੋਣ, ਕਾਰਜਸ਼ੈਲੀ ਅਤੇ ਸੰਸਦ ਪ੍ਰਤੀ ਜਵਾਬਦੇਹੀ ਬਾਰੇ ਐਕਟੀਵਿਟੀ ਕਰਵਾਈ ਜਾਵੇ।<br>• ਕਾਰਜਪਾਲਿਕਾ ਦੀ ਵਿਧਾਨਪਾਲਿਕਾ ਸਾਹਮਣੇ ਜਵਾਬਦੇਹੀ ਸਬੰਧੀ ਐਕਟੀਵਿਟੀ। |

**ਡਾਇਰੈਕਟਰ**

**ਐਸ.ਸੀ.ਈ.ਆਰ.ਟੀ, ਪੰਜਾਬ।**

ਪਿੱਠ ਅੰਕਣ ਨੰ: ਐਸ.ਸੀ.ਈ.ਆਰ.ਟੀ/ ਸਸਅ/ 2020/ ੯੨੩ ਮਿਤੀ: 21.09.2020

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪੀਏ ਟੂ ਸਕੱਤਰ ਸਕੂਲ ਸਿੱਖਿਆ ਪੰਜਾਬ
2. ਡੀਪੀਆਈ ਸੈਕੰਡਰੀ ਸਿੱਖਿਆ ਪੰਜਾਬ
3. ਡਾਇਰੈਕਟਰ ਐਸ ਸੀ ਈ ਆਰ ਟੀ ਪੰਜਾਬ
4. ਡੀ.ਐਮ.(MIS) ਨੂੰ ਵੈਬਸਾਇਟ ਤੇ ਪਾਉਣ ਹਿੱਤ

**ਡਾਇਰੈਕਟਰ**

**ਐਸ.ਸੀ.ਈ.ਆਰ.ਟੀ, ਪੰਜਾਬ।**